# ਨਿਰੰਕਾਰੀ ਮੰਡਲ

ਸਬੰਧੀ

# ਵਾਦ-ਵਿਵਾਦ

ਡਾ: ਜਸਬੀਰ ਸਿੰਘ ਆਹਲੂਵਾਲੀਆ

ਪ੍ਰਕਾਸ਼ਕ

ਸ੍ਰੀ ਗੁਰੂ ਸਿੰਘ ਸਭਾ, ਗੁਰਦੁਆਰਾ ਸੈ: ੧੯-ਡੀ,

ਚੰਡੀਗੜ੍ਹ

Digitized by Panjab Digital Library | www.panjabdigilib.org

# ਲੇਖਕ ਬਾਰੇ

ਬਤੌਰ ਪੰਜਾਬੀ ਲੇਖਕ ਤੇ ਸਿੱਖ ਵਿਦਵਾਨ ਡਾ: ਜਸਬੀਰ ਸਿੰਘ ਆਹਲੂਵਾਲੀਆ ਬੁਧੀ-ਜੀਵੀਆਂ ਦੀ ਨਵੀਂ ਪੀੜ੍ਹੀ ਵਿੱਚ ਪ੍ਰਮੁਖ ਸਥਾਨ ਰੱਖਦੇ ਹਨ। ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਆਧੁਨਿਕਤਾ ਦੀ ਲਹਿਰ ਦੇ ਮੋਢੀ ਤਸਵੱਰ ਹੁੰਦੇ ਹਨ।

ਡਾ: ਆਹਲੂਵਾਲੀਆ ਨੇ ਆਪਣੀ ਪੁਸਤਕ—ਸਿੱਖ ਫ਼ਲਸਫ਼ੇ ਦੀ ਭੂਮਿਕਾ—ਵਿੱਚ ਸਿਖ ਸਿਧਾਂਤ ਦਾ ਆਧੁਨਿਕ ਪੱਛਮੀ ਫ਼ਲਸਫ਼ੇ ਦੀ ਪਰਿਭਾਸ਼ਾ ਵਿੱਚ ਡੂੰਘਾ ਤੇ ਮੌਲਕ ਅਧਿਐਨ ਪ੍ਰਸਤੁਤ ਕੀਤਾ ਹੈ।

1973 ਵਿੱਚ ਡਾ: ਆਹਲੂਵਾਲੀਆ ਨੇ ਮਾਸਕੋ ਵਿਖੇ ਹੋਈ ਅੰਤਰ-ਰਾਸ਼ਟਰੀ ਕਾਨਫ੍ਰੰਸ ਵਿੱਚ ਭਾਰਤ ਦੀ ਨੁਮਾਇੰਦਗੀ ਕੀਤੀ ਸੀ ਤੇ 1974 ਵਿੱਚ ਨੈਰੋਬੀ ਯੂਨੀਵਰਸਿਟੀ ਤੇ ਕੀਨੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਸੱਦਾ-ਪੱਤਰ ਤੇ ਸਿੱਖ ਫ਼ਲਸਫ਼ੇ ਸਬੰਧੀ ਲੈਕਚਰ ਦਿਤੇ।

ਡਾ: ਜਸਬੀਰ ਸਿੰਘ ਪੰਜਾਬੀ ਯੂਨੀਵਰਸਿਟੀ ਵਿਖੇ ਯੋਜਨਾਂ ਤੇ ਵਿਕਾਸ ਵਿਭਾਗ ਦੇ ਮੁਖੀ ਤੇ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਦੇ ਪਹਿਲੇ ਡਾਇਰੈਕਟਰ ਰਹਿ ਚੁਕੇ ਹਨ।

ਸਾਡੀ ਬੇਨਤੀ ਤੇ ਸਿਆਸਤ ਦੇ ਵਕਤੀ ਤਕਾਜ਼ਿਆਂ ਤੋਂ ਉਤਾਂਹ ਉਠ ਕੇ ਨਿੰਰਕਾਰੀ ਮੰਡਲ ਸਬੰਧੀ ਚਲ ਰਹੇ ਵਾਦ-ਵਿਵਾਦ ਨੂੰ ਡਾ: ਜਸਬੀਰ ਸਿੰਘ ਆਹਲੂਵਾਲੀਆ ਨੇ ਇਸ ਲੇਖ ਵਿਚ ਅਕਾਦਮਕ ਪੱਧਰ ਤੇ ਦ੍ਰਿਸ਼ਟੀ-ਗੋਚਰ ਕੀਤਾ ਹੈ।

ਪ੍ਰਕਾਸ਼ਕ

ਪਹਿਲਾ ਪ੍ਰਿੰਟ : ਚਾਲੀ ਹਜ਼ਾਰ ਕਾਪੀਆਂ

ਵੈਂਕਸ ਪੋਪਲੀ ਪ੍ਰਿੰਟਿੰਗ ਪ੍ਰੈਸ, ਚੰਡੀਗੜ੍ਹ

Digitized by Panjab Digital Library | www.panjabdigilib.org

# ੧.

# ਇਤਿਹਾਸਕ ਪਿਛੋਕੜ :

ਉਦਾਸੀਆਂ, ਮੀਣਿਆਂ, ਦੀਵਾਨਿਆਂ, ਧੀਰਮੱਲੀਆਂ, ਰਾਮਰਾਇਆਂ ਆਦਿ ਵੱਲੋਂ ਸਮੇਂ ਸਮੇਂ ਸਿਖਮਤ ਦੇ ਵਿਰੋਧ ਵਿਚ ਚਲਾਇਆਂ ਪ੍ਰਤਿਗਾਮੀ ਸੰਪਰਦਾਵਾਂ ਦੀ ਉਸ ਲੜੀ ਵਿੱਚ ਹੀ ਸੰਤ ਨਿਰੰਕਾਰੀ ਮਡਲ ਦੀ ਸੰਪਰਦਾਇ ਸ਼ਮਿਲਤ ਹੈ ਜਿਸ ਦਾ ਮਨੋਰਥ ਸਿੱਖ ਸਿਧਾਂਤ ਦੀ ਸ਼ੁਧਤਾ, ਸਿਖ ਲਹਿਰ ਦੀ ਅਖੰਡਤਾ, ਸਿੱਖ ਸਮਾਜ ਦੀ ਇਕਾਗਰਤਾ ਤੇ ਸਿੱਖ ਕੌਮ ਦੀ ਹਸਤੀ ਤੇ ਹੈਸੀਅਤ ਨੂੰ ਭੰਗ ਕਰਨਾ ਹੈ। ਸੰਖੇਪ ਵਿਚ ਸਿੱਖ ਮਜ਼੍ਹਬ ਦੇ ਵਿਸ਼ੇਸ਼ ਕਿਰਦਾਰ ਤੇ ਇਸ ਕਿਰਦਾਰ ਚੋਂ ਉਪਜੇ ਉਦੇਸ਼ ਨੂੰ ਆਰੰਭ ਤੋਂ ਹੀ ਚੁਨੌਤੀ ਚਲੀ ਆ ਰਹੀ ਹੈ—ਬਾਹਰੋਂ ਇਹ ਚੈਲੰਜ ਸਥਾਪਤ ਰਾਜ-ਸੱਤਾ ਵਲੋਂ ਰਿਹਾ ਹੈ ਤੇ ਅੰਦਰੋਂ ਪ੍ਰਤਿਕੂਲ ਸੰਪਰਦਾਵਾਂ ਦੇ ਰੂਪ ਵਿੱਚ ਵਿਚਰਦਾ ਰਿਹਾ ਹੈ ਜੋ ਸਿੱਖੀ ਦੀ ਮੂਲਧਾਰਾ ਦੇ ਮੁਕਾਬਲੇ ਖੜੀਆਂ ਹੁੰਦੀਆ ਰਹੀਆਂ ਹਨ।

ਮੱਧ-ਕਾਲ ਵਿੱਚ ਜਦੋਂ ਭਾਰਤ ਵਿੱਚ ਇਸਲਾਮ ਦੇ ਪ੍ਰਵੇਸ਼ ਨਾਲ ਮੁਸਲਮਾਨ ਹਕੂਮਤ ਨੇ ਹਿੰਦੂ ਸਮਾਜ ਨੂੰ ਸਮਾਜਕ-ਰਾਜਨੀਤਕ ਇਕਤਦਾਰ ਤੋਂ ਵਾਂਝਿਆਂ ਕਰ ਦਿੱਤਾ ਤਾਂ ਦੋ ਪ੍ਰਤਿਕਰਮ ਪੈਦਾ ਹੋਏ। ਭਗਤੀ ਲਹਿਰ ਨੇ ਹਿੰਦੂ ਸਮਾਜ ਦੇ ਸਮਾਜਕ-ਰਾਜਨੀਤਕ ਤਾਕਤ ਨਾਲੋਂ ਵਿਛੋੜੇ ਨੂੰ ਹੇਠਲੀ ਉਤੇ ਕਰਕੇ ਆਤਮਾ ਤੇ ਪਰਮਾਤਮਾ ਦੇ ਵਿਯੋਗ ਦੇ ਰੂਪ ਵਿੱਚ ਪੇਸ਼ ਕੀਤਾ, ਯਾਨੀ ਹਲਤ (ਇਸ-ਲੋਕ) ਵਿੱਚ ਤਾਕਤ ਦੇ ਹੱਥੋਂ ਨਿਕਲ ਜਾਣ ਕਾਰਨ ਹੋਈ ਹਾਨੀ ਦਾ ਮੁਆਵਜ਼ਾ (compensation) ਪਲਤ (ਪ੍ਰਲੋਕ) ਵਿੱਚ (ਆਤਮਾ-ਪਰਮਾਤਮਾ ਦੇ ਪੁਨਰ-ਮਿਲਣ ਦੇ ਰੂਪ ਵਿੱਚ) ਪ੍ਰਾਪਤ ਹੋਣ ਦਾ ਕਾਲਪਨਿਕ ਤਸੱਵਰ ਪੇਸ਼ ਕੀਤਾ। ਇਹ ਇਕ ਨਾਂਹ-ਮੁਖੀ ਪ੍ਰਤਿਕਰਮ ਹੀ ਸੀ।

ਦੂਜੇ ਪਾਸੇ ਸਿੱਖਮਤ ਨੇ ਇਕ ਹਾਂ-ਮੁਖੀ ਪ੍ਰਤਿਕਰਮ ਪੇਸ਼ ਕੀਤਾ। ਧਰਮ ਦੇ ਅਰਥਾਂ ਵਿੱਚ ਇਉਂ ਵਿਸਥਾਰ ਕੀਤਾ ਕਿ ਇਸ ਘੇਰੇ ਵਿਚ ਆਤਮਾ ਤੇ ਪਰਮਾਤਮਾ ਦੇ ਸਬੰਧਾਂ ਦੇ ਨਾਲ ਨਾਲ ਮਨੁਖ ਦੇ ਸਮਾਜ ਦੇ ਰਾਸ਼ਟਰ ਨਾਲ ਰਿਸ਼ਤੇ ਨੂੰ ਵੀ ਲੈ ਆਂਦਾ। ਇਸ ਤਰ੍ਹਾਂ ਧਰਮ ਦਾ ਅਰਥ ਸਮਾਜੀ-ਰਾਸ਼ਟਰੀ ਕਰਤੱਵ ਤਕ ਫੈਲ ਗਿਆ। ਦੂਸਰੇ ਸ਼ਬਦਾਂ ਵਿੱਚ ਸੈਮਿਟਕ ਪਰੰਪਰਾ ਅਨੁਸਾਰ ਧਰਮ ਦਾ ਰੋਲ ਪ੍ਰਲੋਕ ਵਿੱਚ ਮੁਕਤੀ ਦੇ ਨਾਲ ਨਾਲ ਇਸ ਲੋਕ ਵਿਚ ਇਕ ਨਵਾਂ ਨਿਜ਼ਾਮ ਕਾਇਮ ਕਰਨਾ ਵੀ ਸਿਧ ਹੋਇਆਂ। ਇਸ ਤਰ੍ਹਾਂ ਭਗਤੀ ਦੇ ਨਾਲ ਸ਼ਕਤੀ ਤੇ ਰਾਜ-ਸੱਤਾ ਦੀ ਪ੍ਰਾਪਤੀ ਸੈਮਟਿਕ ਪਰੰਪਰਾ ਅਨੁਸਾਰ ਸਿਖ ਮਜ਼੍ਹਬ ਦਾ ਉਦੇਸ਼ ਬਣ ਕੇ ਸਾਹਮਣੇ ਆਈ ਜਿਸ ਨੂੰ ਸੱਤਾ ਤੇ ਬਲਵੰਡ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਤ ਆਪਣੀ ਵਾਰ ਵਿੱਚ ਇਉਂ ਦਰਸਾਇਆ ਹੈ :

ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ

ਇਸੇ ਉਦੇਸ਼ ਨੂੰ ਗੁਰੂ ਅਰਜਨ ਨੇ "ਹਲੇਮੀ ਰਾਜ" ਕਿਹਾ ਹੈ (ਜਿਸਦਾ ਅਰਥ ਥਿਓਕਰੇਸੀ ਨਹੀ) ਤੇ ਗੁਰੂ ਗੋਬਿੰਦ ਸਿੰਘ ਨੇ "ਚਕ੍ਰਵੈ ਪਦ"। ਇਸ ਨੂੰ ਮੌਜੂ

Digitized by Panjab Digital Library | www.panjabdigilib.org

secular. temporal sovereignty) ਦਾ ਨਾ ਦਿੱਤਾ ਗਿਆ ਹੈ। ਮ੍ਰਿਤ ਦੀ ਰਸਮ ਰਾਹੀਂ ਸਿੱਖ ਤੋਂ ਸਿੰਘ ਬਣਨ ਤੇ ਪੀਰੀ ਦੇ ਪੰਥ ਨੂੰ ਸੌਂਪੇ ਜਾਣ ਦੀ ਕਿਰਿਆ ਰਾਂਹੀ ਇਕ ਧਾਰਮਕ ਫ਼ਿਰਕਾ ਖਾਲਸਾ ਸਰੂਪ ਵਿੱਚ ਇਕ ਕੌਮ ਦੇ ਤੌਰ ਪ੍ਰਗਟ ਹੋਇਆ ਜਿਸ ਨੂੰ ਗੁਰੂ ਗੋਬਿੰਦ ਸਿੰਘ ਨੇ "ਪ੍ਰਮਾਤਮਾ ਦੀ ਮੌਜ" ਤੇ "ਅਕਾਲ ਪੁਰਖ ਦੀ ਫ਼ੌਜ" ਕਿਹਾ ਹੈ। ਅਰਥ ਇਹ ਹੈ ਕਿ ਇਤਿਹਾਸ ਦੀ ਗਤੀ ਅਨੁਸਾਰ ਇਤਿਹਾਸਕ ਮਿਸ਼ਨ ਦੀ ਪੂਰਤੀ ਲਈ ਇਕ ਕੌਮ ਦਾ ਜਨਮ ਹੋਇਆ ਜਿਸ ਲਈ ਗੁਰੂ ਸਾਹਿਬ ਅਲਾਹੀ ਹੁਕਮ (transcendental sanctions) ਦਰਸਾਉਂਦੇ ਹਨ (ਆਗਿਆ ਭਈ ਅਕਾਲ ਕੀ-ਤਬੀ ਚਲਾਇਓ ਪੰਥ)। ਸੰਖੇਪ ਵਿੱਚ ਸਿੱਖਮਤ ਦੀ ਮੂਲ-ਧਾਰਾ ਗੁਰੂ ਨਾਨਕ ਦੇ ਪੰਚ ਪਰਵਾਣ-ਪੰਚ ਪਰਧਾਨ ਦੇ ਸੰਕਲਪ ਨੂੰ ਖਾਲਸਾਈ ਸਰੂਪ (ਕੌਮ), ਖਾਲਸਾਈ ਸੰਸਥਾ (ਪੰਜ ਪਿਆਰੇ, ਤਖ਼ਤ, ਨਿਸ਼ਾਨ ਸਾਹਿਬ ਆਦਿ) ਤੇ ਖਾਲਸਾਈ ਕੱਕਾਰ (symbolism of the nation) ਰਾਹੀਂ ਮੂਰਤੀਮਾਨ ਕਰਦੀ ਆਪਣੀ ਮੰਜ਼ਲ ਵੱਲ ਅਗੇ ਵਧਦੀ ਹੈ। ਅਜੋਕੇ ਸਮੇਂ ਸਿਖ ਸਮਾਜ ਵਿੱਚ ਉਠੀਆਂ ਪ੍ਰਤਿਗਾਮੀ ਸੰਪਰਦਾਵਾਂ ਇਸ ਇਤਿਹਾਸਕ ਗਤੀ ਵਿੱਚ ਬਾਧਕ ਬਣਦੀਆਂ ਹਨ, ਸਿਖੀ ਦੀ ਮੂਲ-ਧਾਰਾ ਦੇ ਰੁਖ ਨੂੰ ਕੁਰਾਹੇ ਪਾਉਣ ਦਾ ਯਤਨ ਕਰਦੀਆਂ ਹਨ। ਇਹਨਾਂ ਦਾ ਮਾਰੂ ਨਿਸ਼ਾਨਾ ਹੈ: ਸਿਖੀ ਦੀ ਮੂਲ-ਧਾਰਾ ਦਾ ਖਾਲਸਾਈ ਸਰੂਪ (ਸਿਖਾਂ ਦੀ ਇਕ ਕੌਮ ਦੇ ਤੌਰ ਤੇ ਹਸਤੀ ਤੇ ਹੈਸੀਅਤ ; ਖਾਲਸਾਈ ਸੰਸਥਾਵਾਂ ; ਖਾਲਸਾਈ ਚਿੰਨ੍ਹ (ਕਕਾਰ) ; ਖਾਲਸਾਈ ਸਾਧਨ (ਖੰਡੇ ਦਾ ਅੰਮ੍ਰਿਤ) ਤੇ ਖਾਲਸਾਈ ਮੰਜ਼ਲ (ਗੁਰੂ ਅਰਜਨ ਦਾ ਸੰਕਲਪਿਆ ਹਲੇਮੀ ਰਾਜ)। ਵਿਸ਼ੇਸ਼ ਤੌਰ ਤੇ ਸਿੱਖੀ ਦੀ ਮੂਲ-ਧਾਰਾ ਨੂੰ ਨੇਮ-ਬੱਧ ਕਰਦੀ ਵਿਚਾਰਧਾਰਾ, ਯਾਨੀ ਸਿਖ ਸਿਧਾਂਤ ਜਿਸਦਾ ਸੋਮਾ ਹੈ ਗੁਰੂ ਗ੍ਰੰਥ ਸਾਹਿਬ। ਇਸ ਪ੍ਰਸੰਗ ਇਹ ਸਹਿਜੇ ਹੀ ਸਮਝਿਆ ਜਾ ਸਕਦਾ ਹੈ ਕਿ ਸੰਤ ਨਿਰੰਕਾਰੀ ਮੰਡਲ ਵਲੋਂ ਕਿਉਂ ਸਿਖ ਸਿਧਾਂਤ ਦੇ ਸੋਮੇ, ਗੁਰੂ ਗ੍ਰੰਥ, ਨੂੰ ਗੁਰੂ-ਪੱਦ ਤੋਂ ਖਾਰਜ ਕੀਤਾ ਜਾਂਦਾ ਹੈ. ਕਿਉਂ ਖੰਡੇ ਦੇ ਅੰਮ੍ਰਿਤ ਦਾ ਤਿਆਗ ਕਰਕੇ ਚਰਨਾਮ੍ਰਿਤ ਪਿਲਾਇਆ ਜਾਂਦਾ ਹੈ, ਕਿਉਂ ਖ਼ਾਲਸਾਈ ਕੌਮ ਦੇ ਖਾਲਸਾਈ ਚਿੰਨ (ਕੇਸਾਂ) ਦੀ ਬੇ-ਅਦਬੀ ਕੀਤੀ ਜਾਂਦੀ ਹੈ, ਕਿਉਂ ਪੰਜਾਂ ਦੀ ਥਾਂ ਸਤ ਪਿਆਰੇ ਥਾਪ ਕੇ ਖ਼ਾਲਸਾਈ ਸੰਸਥਾ ਦੀ ਮਾਨ ਮਰਯਾਦਾ ਭੰਗ ਕੀਤੀ ਜਾਂਦੀ ਹੈ।

ਸਿਖ ਇਤਿਹਾਸ ਵਿੱਚ ਜੋ ਸਥਿਤੀ ਅੱਜ ਪੈਦਾ ਹੋਈ ਹੈ, ਕੋਈ ਪਹਿਲੀ ਵਾਰ ਉਤਪੰਨ ਨਹੀਂ ਹੋਈ। ਇਸ ਲਈ ਏਸ ਸਥਿਤੀ ਦਾ ਮੁਕਾਬਲਾ ਕਰਨ ਲਈ ਸਾਨੂੰ ਆਪਣੇ ਇਤਿਹਾਸ ਤੋਂ ਰੌਸ਼ਨੀ ਪ੍ਰਾਪਤ ਕਰਨੀ ਚਾਹੀਦੀ ਹੈ। ਗੁਰੂ ਨਾਨਕ ਵੇਲੇ ਉਹਨਾਂ ਦੇ ਆਪਣੇ ਪੁਤਰ ਬਾਬਾ ਸਿਰੀ ਚੰਦ ਵਲੋਂ ਉਦਾਸੀ ਸੰਪਰਦਾਇ ਚਲੀ ਜਿਸ ਨੂੰ ਖੁਦ ਗੁਰੂ ਨਾਨਕ ਜੀ ਨੇ ਅਪ੍ਰਵਾਨ ਕੀਤਾ। ਇਸੇ ਲਈ ਗੁਰੂ ਗੱਦੀ ਗੁਰੂ ਅੰਗਦ ਨੂੰ ਦਿੱਤੀ। ਜਦੋਂ ਗੁਰੂ ਅੰਗਦ ਜੀ ਦੇ ਪੁਤਰ (ਦਾਤੂ ਜੀ ਤੇ ਦਾਸੂ ਜੀ) ਸਿੱਖੀ-ਮਾਰਗ ਤੋਂ ਵੱਖ ਰਾਹ ਉਲੀਕਣ ਲਗੇ ਤਾਂ ਉਹਨਾਂ ਨੂੰ ਵੀ ਸਿਖ ਲਹਿਰ ਨੇ ਸਵੀਕਾਰ ਨਾ ਕੀਤਾ। ਏਹੋ ਹਾਲ ਗੁਰੂ ਅਮਰ ਦਾਸ ਜੀ ਦੇ ਪੁਤਰਾਂ (ਮੋਹਨ

Digitized by Panjab Digital Library | www.panjabdigilib.org

ਜੀ ਤੇ ਮੋਹਰੀ ਜੀ) ਦਾ ਹੋਇਆ। ਫਿਰ ਗੁਰੂ ਅਰਜਨ ਦੇ ਭਰਾ ਪ੍ਰਿਥੀ ਚੰਦ (ਜਿਸ ਨੂੰ ਭਾਈ ਗੁਰਦਾਸ ਨੇ ਮੀਣ ਹੋਣ ਦਾ ਨਾਂ ਦਿੱਤਾ), ਗੁਰੂ ਹਰਿ ਰਾਏ ਦੇ ਭਰਾ ਧੀਰ ਮੱਲ ਤੇ ਗੁਰੂ ਹਰਿ ਕ੍ਰਿਸ਼ਨ ਦੇ ਭਰਾ ਰਾਮਰਾਏ ਵਲੋਂ ਵੀ ਸਿੱਖੀ ਦੀ ਮੂਲ ਧਾਰਾ ਦਾ ਵਿਰੋਧ ਹੋਇਆ। ਇਹਨਾਂ ਸਾਰਿਆਂ ਦੇ ਮੁਖ ਲਛਣ ਸੰਤ ਨਿਰੰਕਾਰੀ ਸੰਪਰਦਾਇ ਨਾਲ ਮੇਲ ਖਾਂਦੇ ਹਨ। ਪਹਿਲਾ ਇਹ ਕਿ ਇਹਨਾਂ ਸਾਰਿਆਂ ਨੇ (ਸਣੇ ਨਿਰੰਕਾਰੀ ਮੰਡਲ ਦੇ) ਗੁਰਬਾਣੀ ਦਾ ਸਹਾਰਾ ਲੈਕੇ ਗੁਰੂਬਾਣੀ ਵਿੱਚ ਮਿਲਾਵਟ ਕਰਨ ਤੋਂ ਸੰਕੋਚ ਨਹੀਂ ਕੀਤਾ। ਪ੍ਰਿਥੀ ਚੰਦ ਦੇ ਪੁਤਰ ਮਿਹਰਬਾਨ ਨੇ ਗੁਰੂ ਨਾਨਕ ਦੀ ਸਾਖੀ ਲਿਖੀ ਜਿਸ ਵਿੱਚ ਗੁਰਮਤ-ਵਿਰੋਧੀ ਅੰਸ਼ ਲੈ ਆਂਦੇ। ਰਾਮਰਾਏ ਨੇ ਗੁਰੂ ਨਾਨਕ ਦੇ ਸ਼ਬਦ ਵਿੱਚ ਅਦਲਾ-ਬਦਲੀ ਕਰਕੇ ਔਰੰਗਜ਼ੇਬ ਦੀ ਖੁਸ਼ੀ ਪ੍ਰਾਪਤ ਕੀਤੀ। ਨਿਰੰਕਾਰੀ ਮੰਡਲ "ਸੰਪੂਰਨ ਅਵਤਾਰ ਬਾਣੀ" ਵਿੱਚ ਤੇ ਹੋਰ ਥਾਵਾਂ ਤੇ ਗੁਰਬਾਣੀ ਦਾ ਅਜੇਹਾ ਮਿਲਗੋਭਾ ਪੇਸ਼ ਕਰਦਾ ਹੈ, ਜਿਸ ਨਾਲ ਗੁਰਮਤ ਦੀ ਸ਼ੁਧਤਾ ਭੰਗ ਹੁੰਦੀ ਹੈ।—

ਆਇਆ ਗੁਰਬਚਨ ਅਵਤਾਰ
ਸਾਰੇ ਜਗ ਦਾ ਪਾਲਨਹਾਰ
ਸਾਡਾ ਕਰ ਗਿਆ ਬੇੜਾ ਪਾਰ
ਜੋ ਤੁਧ ਭਾਵੇ ਸਾਈ ਭਲੀਕਾਰ
ਤੂੰ ਸਦਾ ਸਲਾਮਤ ਨਿਰੰਕਾਰ

ਏਥੇ ਨਿਰੰਕਾਰੀ ਬਾਬੇ ਦੀ ਮਹਿਮਾ ਵਿਚ ਲਿਖੀਆਂ ਪਹਿਲੀਆਂ ਤਿਨ ਸਤਰਾਂ ਨਾਲ ਅਗੋਂ ਦੋ ਗੁਰਬਾਣੀ ਦੀਆਂ ਲਾਈਨਾਂ ਜੋੜ ਦਿੱਤੀਆਂ ਹਨ। ਇਹ ਗੁਰਬਾਣੀ ਨੂੰ ਮਿਲਗੋਭਾ ਬਨਾਉਣਾ ਹੀ ਨਹੀਂ ਸਗੋਂ ਗੁਰਬਾਣੀ ਦਾ ਦੁਰ-ਉਪਯੋਗ ਵੀ ਹੈ ਯਾਨੀ ਨਿਰੰਕਾਰੀ ਬਾਬੇ ਨੂੰ ਦੇਹ-ਧਾਰੀ ਗੁਰੂ ਸਾਬਤ ਕਰਨ ਲਈ ਗੁਰੂਬਾਣੀ ਨੂੰ ਤਰੱਕ-ਸਿਧੀ ਲਈ ਵਰਤਿਆ ਹੈ। ਏਸ ਤਰ੍ਹਾਂ "ਸੰਪੂਰਨ ਅਵਤਾਰ ਬਾਣੀ" ਵਿੱਚ ਇਕ ਪਾਸੇ "ਪੋਥੀ ਗੁਰ ਨਹੀਂ ਹੋਂਦੀ" (ਸਫਾ 240) ਕਹਿ ਕੇ ਗੁਰੂ-ਗ੍ਰੰਥ ਦਾ ਅਪਮਾਨ ਕੀਤਾ ਹੈ ਪਰ ਦੂਜੇ ਪਾਸੇ ਗੁਰੂਬਾਣੀ ਨੂੰ ਨਿਰੰਕਾਰੀ ਬਾਬੇ ਦ ਰੱਬੀ ਗੁਣ ਸਿਧ ਕਰਨ ਲਈ ਵਰਤਿਆ ਹੈ:

"ਬਾਣੀ ਆਖੇ ਇਹ ਹੀ ਰਬ ਹੈ
ਜੋ ਅਵਤਾਰ ਵਿਖਾਇਆ ਸੀ"

......(ਸਫ਼ਾ 207)

ਨਿਰੰਕਾਰੀ ਬਾਬੇ ਨੂੰ ਦੇਹ-ਧਾਰੀ ਗੁਰੂ ਕਰਾਰ ਦੇਣਾ ਪ੍ਰਿਥੀ ਚੰਦ, ਧੀਰ ਮੱਲ ਤੇ ਰਾਮ ਰਾਏ ਦੀ ਕਾਫ਼ਰਾਨਾ ਪ੍ਰਥਾ ਨੂੰ ਹੀ ਅਪਨਾਉਣਾ ਹੈ। ਫਰਕ ਸਿਰਫ਼ ਇਹ ਹੈ ਕਿ ਜਿਥੇ ਪ੍ਰਿਥੀ ਚੰਦ ਨੇ ਗੁਰੂ ਅਰਜਨ ਦੇ ਮੁਕਾਬਲੇ, ਧੀਰਮਲ ਨੇ ਗੁਰੂ ਹਰਿ ਰਾਏ ਦੇ ਮੁਕਾਬਲੇ ਤੇ ਰਾਮ ਰਾਏ ਨੇ ਗੁਰੂ ਹਰਿ ਕ੍ਰਿਸ਼ਨ ਦੇ ਮੁਕਾਬਲੇ ਗੁਰੂਡਮ ਸਥਾਪਿਤ ਕੀਤਾ ਸੀ ਉਥੇ ਨਿਰੰਕਾਰੀ ਬਾਬਾ ਤ੍ਰੱਕੀ ਕਰਕੇ ਸਿਰਫ਼ ਇਕ ਗੁਰੂ ਦੇ ਮੁਕਾਬਲੇ ਨਹੀਂ

Digitized by Panjab Digital Library | www.panjabdigilib.org

ਕਰੇ ਦਸਾਂ ਗੁਰੂਆਂ ਦੀ ਜੋਤ-ਗੁਰੂ ਗ੍ਰੰਥ ਦੇ ਮੁਕਾਬਲੇ ਆਪਣੇ ਆਪ ਨੂੰ ਗੁਰੂ ਕਰਾਰ ਦੇਂਦਾ ਹੈ। ਏਥੇ ਹੀ ਬਸ ਨਹੀਂ ਆਪਣੇ ਆਪ ਨੂੰ ਗੁਰੂ ਨਾਨਕ ਦਾ ਅਵਤਾਰ ਤੇ ਅਜੋਕੇ ਯੁਗ ਦਾ 'ਰਬ' ਹੋਣ ਦਾ ਦਾਅਵਾ ਕਰਦਾ ਹੈ। ਇਕ ਹੋਰ ਲਛਣ ਜੋ ਨਿਰੰਕਾਰੀ ਬਾਬੇ ਦੇ ਦੰਭ ਦਾ ਪਹਿਲੇ ਭੇਖਾਂ ਨਾਲ ਸਾਂਝਾ ਹੈ, ਉਹ ਇਹ ਹੈ ਕਿ ਇਹਨਾਂ ਸਾਰੀਆਂ ਸੰਪਰਦਾਵਾਂ ਨੂੰ ਬਾਹਰੋਂ ਮਦਦ ਸਿਖ ਗੁਰੂਆਂ ਦੇ ਮੁਕਾਬਲੇ ਵਖਰਾ ਗੁਰੂਡਮ ਸਥਾਪਿਤ ਕਰਨ ਲਈ ਮਿਲਦੀ ਚਲੀ ਆ ਰਹੀ ਹੈ।

# ੨.

# ਵਾਦ-ਵਿਵਾਦ ਵਿਚ ਉਠੇ ਨੁਕਤੇ

ਮੰਡਲ ਨਿਰੰਕਾਰੀਆਂ ਨੂੰ ਇਹਨਾਂ ਦੇ ਪੂਰਵਜਾਂ (ਉਦਾਸੀਆਂ ਮੀਣਿਆਂ, ਦੀਵਾਨਿਆਂ, ਧੀਰਮਲੀਆਂ, ਰਾਮਰਾਇਆਂ) ਦੀ ਲੜੀ ਵਿੱਚ ਵੇਖਣ ਨਾਲ ਇਸ ਮਸਲੇ ਸਬੰਧੀ ਵਾਦ-ਵਿਵਾਦ ਵਿੱਚ ਉਠੇ ਨੁਕਤੇ ਆਪਣੇ ਆਪ ਨਜਿੱਠੇ ਜਾਂਦੇ ਹਨ। (ੳ) ਪਹਿਲਾ ਨੁਕਤਾ ਧਾਰਮਿਕ ਅਜ਼ਾਦੀ ਦਾ ਹੈ। ਸਿਧਾਂਤਕ ਤੌਰ ਤੇ ਉਹ ਰੂਪ ਜਾਂ ਵਿਚਾਰ ਪ੍ਰਬੰਧ ਹੀ ਅਸਹਿਣਸ਼ੀਲ ਹੁੰਦੇ ਹਨ ਜੋ ਇਹ ਦਾਅਵਾ ਕਰਨ ਕਿ ਉਹ ਸਤਿ ਦਾ ਸੰਪੂਰਨ ਤੇ ਅੰਤਮ ਪ੍ਰਕਾਸ਼ ਹਨ। ਕਈ ਮਜ਼ਬ ਅਜੇਹਾ ਦਾਅਵਾ ਕਰਦੇ ਹਨ ਖਾਸ ਕਰ ਸੈਮਿਟਕ ਪਰੰਪਰਾ ਦੇ। ਹੀਗਲ ਦਾ ਫ਼ਲਸਫ਼ਾ ਵੀ ਅਜੇਹਾ ਦਾਅਵਾ ਕਰਦਾ ਹੈ। ਅਜੇਹੇ ਵਿਚਾਰ-ਪ੍ਰਬੰਧ ਸਮਾਜੀ-ਸਿਆਸੀ ਪੱਧਰ ਉਤੇ ਖੁਲ੍ਹੇ ਡੁਲ੍ਹੇ ਸਮਾਜ (open society) ਦੀ ਥਾਂ ਤੇ ਡਿਕਟੇਟਰੀ, ਇਕਾਤਮਕ (totalitarian) ਨਿਜ਼ਾਮ ਦੀ ਆਧਾਰ-ਸ਼ਿਲਾ ਬਣਦੇ ਹਨ। ਸਿੱਖ ਮਜ਼੍ਹਬ ਦਾ ਸਤਿ ਦਾ ਅੰਤਮ ਪ੍ਰਕਾਸ਼ ਹੋਣ ਦਾ ਅਜੇਹਾ ਕੋਈ ਦਾਅਵਾ ਨਹੀਂ (ਖੋਜੀ ਉਪਜੈ ਬਾਦੀ ਬਿਨਸੈ)। ਇਸ ਲਈ ਸਿਖ ਧਰਮ ਕੇਵਲ ਇਕ ਮੁਕਤ-ਦੁਆਰ, ਕੇਵਲ ਇਕ ਕਲਿਆਣ-ਮਾਰਗ, ਪਰਮਾਤਮਾ ਤੱਕ ਪਹੁੰਚਣ ਦੇ ਕੇਵਲ ਇਕ ਸਾਧਨ ਦਾ ਧਾਰਨੀ ਨਹੀ:

ਜਗਤ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥

ਏਸੇ ਲਈ ਸਿਖਧਾਰਾ ਵਿਚ ਕੱਟੜ-ਪੰਥੀ ਰੁਚੀ ਲਈ ਕੋਈ ਥਾਂ ਨਹੀਂ। ਸਿਖ ਮਜ਼੍ਹਬ ਇਕ ਸਹਿਣਸ਼ੀਲ ਧਰਮ ਹੈ। ਸੰਸਾਰ ਭਰ ਦੇ ਧਾਰਮਿਕ ਗ੍ਰੰਥਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਅਜੇਹਾ ਪਾਵਨ ਗ੍ਰੰਥ ਹੈ ਜੋ ਹਿੰਦੂ ਨੂੰ ਚੰਗਾ ਹਿੰਦੂ ਤੇ ਮੁਸਲਮਾਨ ਨੂੰ ਚੰਗਾ ਮੁਸਲਮਾਨ ਹੋਣ ਦੀ ਪ੍ਰੇਰਨਾ ਦਿੰਦਾ ਹੈ। ਹੋਰਨਾਂ ਧਰਮਾਂ ਦੇ ਵਿਸ਼ਵਾਸ਼ਾਂ ਅਕੀਦਿਆਂ ਤੇ ਰਹੁ-ਰੀਤਾਂ ਦਾ ਸਤਕਾਰ ਕਰਦਾ ਹੈ। ਮਿਸ਼ਾਲ ਵਜੋਂ ਗੁਰੂ ਗ੍ਰੰਥ ਸਾਹਿਬ ਦਾ ਸੁਨੇਹਾ ਮੁਸ਼ਲਮਾਨ ਨੂੰ ਆਪਣੇ ਦੀਨ ਅਨੁਸਾਰ ਨਿਮਾਜ਼ ਪੜਣ ਦਾ ਹੈ, ਆਪਣਾ ਈਮਾਨ ਛਡਣ ਲਈ ਨਹੀਂ।

Digitized by Panjab Digital Library | www.panjabdigilib.org

ਉਠ ਫ਼ਰੀਦਾ ਉਜ਼ੂ ਸਾਜਿ
ਸੁਬਹ ਨਿਵਾਜ ਗੁਜ਼ਾਰਿ ।

ਸਿੱਖ ਮਜ਼ਬ ਸਿਰਫ ਸਹਿਣਸ਼ੀਲ ਹੀ ਨਹੀਂ, ਸਿਰਫ ਹੋਰਣਾਂ ਧਰਮਾਂ ਦੇ ਅਕੀਦਿਆਂ ਤੇ ਰਹੁ-ਰੀਤਾਂ ਦਾ ਸਤਿਕਾਰ ਹੀ ਨਹੀਂ ਕਰਦਾ, ਸਗੋਂ ਸਾਰੇ ਧਰਮਾਂ ਦੇ ਪੈਰੋਕਾਰਾਂ ਦੇ ਧਾਰਮਕ ਅਜ਼ਾਦੀ ਦੇ ਹੱਕ ਲਈ ਜੂਝਣ ਲਈ ਸਦਾ ਤਿਆਰ ਬਰ ਤਿਆਰ ਰਹਿੰਦਾ ਹੈ। ਤਿਲਕ ਤੇ ਜਨੇਊ ਧਾਰਨ ਕਰਨ ਦੀ ਅਜ਼ਾਦੀ ਲਈ ਸ੍ਰੀ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਮਿਸਾਲ ਵਜੋਂ ਪੇਸ਼ ਕੀਤੀ ਜਾ ਸਕਦੀ ਹੈ।

ਸੋ ਨਿਰੰਕਾਰੀ ਮੰਡਲ ਦੇ ਪ੍ਰਸੰਗ ਵਿੱਚ ਇਹ ਇਲਜ਼ਾਮ ਲਗਾਉਣਾ ਕਿ ਸਿੱਖ ਮੰਡਲ ਨਿਰੰਕਾਰੀਆਂ ਦੀ ਧਾਰਮਿਕ ਅਜ਼ਾਦੀ ਤੰਗ ਕਰਨਾ ਚਾਹੁੰਦੇ ਹਨ ਕਿਸੇ ਵੀ ਪਖੋਂ ਜਾਇਜ਼ ਤੇ ਤੱਥ-ਅਧਾਰਿਤ ਨਹੀਂ। ਨਿਰੰਕਾਰੀ ਮੰਡਲ ਉਦਾਸੀਆਂ, ਮੀਣਿਆਂ, ਧੀਰਮਲੀਆਂ, ਰਾਮਰਾਇਆਂ ਆਦਿ ਵਾਂਗ ਸਿਖ ਸਮਾਜ ਵਿਚ ਪੈਦਾ ਹੋਇਆ ਇਕ ਸੈਕਟ ਹੈ, ਇਕ ਪ੍ਰਤਿਗਾਮੀ ਸੰਪਰਦਾਇ ਹੈ। ਸੋ ਅਸਲ ਸਵਾਲ ਤਾਂ ਇਹ ਹੈ ਕਿ ਕੀ ਸਿਖ ਸਮਾਜ ਨੂੰ ਸਿਖ ਸਿਧਾਂਤ ਦੀ ਸੁਧਤਾ, ਸਿਖ ਲਹਿਰ ਦੀ ਅਖੰਡਤਾ ਤੇ ਸਿਖੀ ਦੇ ਖਾਲਸਾਈ ਰੂਪ ਦੀ ਸਵੈ-ਪਛਾਣ ਨੂੰ ਕਾਇਮ ਰੱਖਣ ਦਾ ਹੱਕ ਹੈ ਜਾਂ ਨਹੀਂ ? ਸੰਵਿਧਾਨਿਕ ਤੌਰ ਤੇ ਕੋਈ ਵੀ ਵਿਅਕਤੀ ਜਾਂ ਫਿਰਕਾ ਅਜੇਹੀ ਅਜ਼ਾਦੀ ਦਾ ਹੱਕਦਾਰ ਨਹੀਂ ਜੋ ਘੁਣ ਵਾਂਗ ਕਣਕ ਨੂੰ ਹੀ ਖਾਣ ਦਾ ਉਦੇਸ਼ ਰੱਖਦੀ ਹੋਵੇ।

(ਅ) ਵਿਚਾਰਅਧੀਨ ਵਾਦ-ਵਿਵਾਦ ਦਾ ਦੂਸਰਾ ਨੁਕਤਾ ਵੀ ਬਹੁਤ ਖ਼ਤਰਾਨਾ ਹੈ ; ਪੜ੍ਹੇ ਲਿਖੇ ਤਬਕੇ ਵਿੱਚ ਇਹ ਪਰਚਾਰ ਕੀਤਾ ਜਾ ਰਿਹਾ ਹੈ ਕਿ ਜਿਸ ਤਰ੍ਹਾਂ ਆਪਣੇ ਆਰੰਭਕ ਸਮੇਂ ਸਿਖ ਮਜ਼ਬ ਨੇ ਹਿੰਦੂ ਰਹੁ-ਰੀਤਾਂ ਤੇ ਰਸਮ-ਰਿਵਾਜਾਂ ਦੇ ਸੰਕੀਰਣਪੁਣੇ ਵਿਰੁਧ ਇਕ ਸਹਿਜ-ਮਾਰਗ ਉਲੀਕਿਆ ਸੀ ਏਸੇ ਤਰ੍ਹਾਂ ਹੁਣ ਨਿਰੰਕਾਰੀ ਮੰਡਲ ਵੀ ਸਿਖ ਸਮਾਜ ਵਿੱਚ ਪਸਰੀਆਂ ਕੁਰੀਤੀਆਂ/ਪਾਬੰਦੀਆਂ ਤੇ ਤੰਗੀਆਂ (rigidities) ਵਿਰੁਧ ਪ੍ਰਤਿਕਰਮ ਵਜੋਂ ਇਕ ਨਵਾਂ ਸਹਿਜ-ਮਾਰਗ ਹੋਂਦ ਵਿਚ ਲਿਆ ਰਿਹਾ ਹੈ ਜਿਸ ਵਿਚ ਖਾਣ-ਪੀਣ ਪਹਿਨਣ ਦੀ ਕੋਈ ਪਾਬੰਦੀ ਨਹੀਂ, ਰਸਮਾਂ-ਰਿਵਾਜਾਂ ਦੀ ਪਕੜ ਨਹੀ ਤੇ ਰਹੁ-ਰੀਤਾਂ ਦੀ ਜਕੜ ਨਹੀਂ ਇਸ ਦਲੀਲ ਦੇ ਦੋ ਪੱਖ ਹਨ। ਪਹਿਲਾ ਪੱਖ ਸਿੱਖ ਲਹਿਰ ਦੇ ਆਪਣੇ ਇਤਿਹਾਸਕ ਰੋਲ ਨਾਲ ਸਬੰਧ ਰਖਦਾ ਹੈ। ਇਹ ਠੀਕ ਹੈ ਕਿ ਸਿੱਖ ਮਜ਼ਬ ਨੇ ਮੱਧ-ਕਾਲ ਦੇ ਭਾਰਤੀ ਸਮਾਜ ਦੀਆਂ ਕੱਟੜ ਰਹੁ-ਰੀਤਾਂ, ਰਸਮਾਂ ਰਿਵਾਜਾਂ ਨੂੰ ਵੰਗਾਰਿਆ ਸੀ। ਪਰ ਇਹ ਵੰਗਾਰ ਕਿਸ ਨੂੰ ਸੀ ? ਇਹ ਵੰਗਾਰ ਰਹੁ-ਰੀਤਾਂ ਦੇ "ਭੇਖ" ਵਿਰੁਧ ਸੀ। ਉਸ ਵੇਲੇ ਲੋਕਾਂ ਨੇ ਇਹਨਾਂ ਰਸਮਾਂ ਰਿਵਾਜਾਂ ਤੇ ਰਹੁ-ਰੀਤ ਦੇ ਮੁਢਲੇ "ਭਾਵ" ਨੂੰ ਛੱਡ ਕੇ ਇਹਨਾਂ ਨੂੰ ਬਤੌਰ "ਭੇਖ" ਧਾਰਨ ਕੀਤਾ ਹੋਇਆ ਸੀ। ਜੇ ਜਨੇਊ ਪਾਇਆ ਜਾਂਦਾ ਸੀ ਤਾਂ ਇਸਦੇ "ਭਾਵ" ਨੂੰ ਭੁਲ ਕੇ ਇਕ "ਭੇਖ" ਵਾਂਗ ਵਰਤਿਆ ਜਾਂਦਾ ਸੀ। ਯਾਨੀ ਅੰਦਰਲੀ ਸਪਿਰਟ ਦੀ ਬਜਾਏ ਬਾਹਰੀ ਰੂਪ ਤੇ ਜ਼ੋਰ ਦਿੱਤਾ ਜਾਂਦਾ ਸੀ। ਸਿੱਖ ਧਰਮ ਨੇ "ਭੇਖ" ਦੀ ਥਾਂ "ਭਾਵ" ਤੇ, ਬਾਹਰੀ ਰੂਪ ਦੀ ਥਾਂ ਆਂਤ੍ਰਿਕ ਸਪਿਰਟ ਤੇ ਬਲ

Digitized by Panjab Digital Library | www.panjabdigilib.org

ਦੱਤਾ ਸੀ। "ਭੇਖ" ਧਾਰਨ ਕਰਕੇ ਹਿੰਦੂ ਜਾਂ ਮੁਸਲਮਾਨ ਹੋਣਾ ਆਸਾਨ ਹੈ ਪਰ "ਭਾਵ" ਗ੍ਰਹਿਣ ਕਰਕੇ ਸੱਚਾ ਹਿੰਦੂ ਜਾਂ ਮੁਸਲਮਾਨ ਹੋਣਾ ਸਹੀ ਪਰ ਕਠਨ ਰਾਹ ਹੈ :

ਮੁਸਲਮਾਣ ਕਹਾਵਣ ਮੁਸਕਲੁ
ਜਾ ਹੋਇ ਤਾਂ ਮੁਸਲਮਾਣੁ ਕਹਾਵੈ

(ਗੁਰੂ ਨਾਨਕ)

ਦੂਜੇ ਧਾਸੇ ਨਿਰੰਕਾਰੀ ਮੰਡਲ "ਭੇਖ" ਤੋਂ "ਭਾਵ" ਵਲ ਜਾਣ ਦੀ ਬਜਾਏ "ਭਾਵ" ਤੋਂ "ਭੇਖ" ਵਲ ਜਾਂਦਾ ਹੈ। ਸਿੱਖੀ ਦੇ ਚਿੰਨ੍ਹਾਂ ਦਾ (ਜਿਵੇਂ ਕਿ ਕੇਸ) ਇਸ ਲਈ ਖੰਡਨ ਕਰਦਾ ਹੈ ਕਿਉਂਕਿ ਇਹਨਾਂ ਦਾ "ਭਾਵ" ਖ਼ਾਲਸਾਈ ਸਰੂਪ (ਕੌਮ) ਵਲ ਸੰਕੇਤ ਕਰਦਾ ਹੈ। ਸੋ ਏਥੇ ਖੰਡਨ "ਭਾਵ" ਦਾ ਹੈ।

ਇਸ ਸਵਾਲ ਦਾ ਦੂਸਰਾ ਪੱਖ ਹੈ ਇਹ ਕਿ ਨਿਰੰਕਾਰੀ ਮੰਡਲ ਰਹੁ-ਰੀਤਾਂ ਤੋੜ ਕੇ ਸਹਿਜ-ਅਵੱਸਥਾ, ਸਹਿਜ-ਮਾਰਗ ਦਰਸਾਉਂਦਾ ਹੈ। ਜੇ ਇਹ ਗਲ ਹੈ ਤਾਂ ਫਿਰ ਇਸ ਸਹਿਜ-ਮਾਰਗ ਵਿਚ (ਮਿਸਾਲ ਵਜੋਂ) ਚਰਨਾਮ੍ਰਿਤ ਦੀ ਰਹੁ-ਰੀਤ ਦੀ ਕੋਈ ਗੁੰਜਾਇਸ਼ ਨਹੀਂ ਹੋਣੀ ਚਾਹੀਦੀ। ਪਰ ਚਰਨਾਮ੍ਰਿਤ ਨਿਰੰਕਾਰੀ ਮੰਡਲ ਦੀ ਲਾਜ਼ਮੀ ਰਹੁ-ਰੀਤ ਹੈ। ਫਿਰ ਨਿਰੰਕਾਰੀ ਮਾਰਗ ਸਭ ਰਹੁ-ਰੀਤਾਂ ਤੋਂ ਮੁਕਤ ਸਹਿਜ-ਮਾਰਗ ਕਿਵੇਂ ਹੋਇਆ ?

(ੲ) ਵਾਦ-ਵਿਵਾਦ ਦਾ ਤੀਸਰਾ ਨੁਕਤਾ ਵੀ ਪੜ੍ਹੇ ਲਿਖੇ ਹਲਕਿਆਂ ਵਿੱਚ ਕਾਫ਼ੀ ਪ੍ਰਭਾਵ ਪਾ ਰਿਹਾ ਹੈ। ਇਹ ਪਰਚਾਰ ਕੀਤਾ ਜਾ ਰਿਹਾ ਹੈ ਕਿ ਜੇਕਰ ਸਿਖ ਸਮਾਜ ਨੇ ਮੰਡਲ ਨਿਰੰਕਾਰੀਆਂ ਨੂੰ ਅਸਵੀਕਾਰ ਕੀਤਾ ਤਾਂ ਇਸ ਨਾਲ ਸਿਖ ਸਮਾਜ ਸੁੰਗੜ ਜਾਵੇਗਾ। ਇਹ ਇਕ ਅਜੀਬ ਦਲੀਲ ਹੈ। ਇਕ ਪਾਸੇ ਨਿਰੰਕਾਰੀ ਮੰਡਲ ਆਪਣੇ ਸੰਪਰਦਾਈ ਕੁਫ਼ਰ ਨੂੰ ਛੁਪਾਉਣ ਲਈ ਇਹ ਸਟੈਂਡ ਲੈਂਦਾ ਹੈ ਕਿ ਉਹ ਕਿਸੇ ਵਿਸ਼ੇਸ਼ ਮਜ਼ਬ ਨਾਲ ਨਹੀਂ ਜੁੜਿਆ ਹੋਇਆ ਸਗੋਂ ਸਰਬ-ਸਾਂਝੇ ਮਾਨਵ-ਧਰਮ ਨੂੰ ਪਰਚਾਰਦਾ ਹੈ। ਦੂਜੇ ਪਾਸੇ ਮੰਡਲ ਦੇ ਮੁਦੱਈ ਇਹ ਕਹਿੰਦੇ ਹਨ ਕਿ ਮੰਡਲ ਨਿਰੰਕਾਰੀਆਂ ਨੂੰ ਜੇ ਛੇਕਿਆ ਗਿਆ ਤਾਂ ਇਸ ਤਰ੍ਹਾਂ ਸਿਖ ਸਮਾਜ ਸੁੰਗੜ ਜਾਵੇਗਾ। ਇਹ ਤਰਕਸ਼ੀਲ ਦਲੀਲ ਨਹੀਂ। ਕੁਦਰਤ ਦਾ ਅਟੱਲ ਨਿਯਮ ਹੈ ਕਿ ਵਿਕਾਸ-ਪ੍ਰਕ੍ਰਿਆ ਨਿਖੇੜ-ਕਿਰਿਆ ਰਾਹੀਂ ਅਗੇ ਤੁਰਦੀ ਹੈ। (The process of growth involves the process of differentiation). ਕੁਦਰਤ ਦੇ ਇਸ ਅਟੱਲ ਨਿਯਮ ਅਨੁਸਾਰ ਅਤੇ ਸਿਖ ਇਤਿਹਾਸ ਦੀ ਰੌਸ਼ਨੀ ਵਿੱਚ ਹੀ ਸਿਖ ਸਮਾਜ ਨੂੰ ਨਿਰੰਕਾਰੀ ਮੰਡਲ ਵਲ ਆਪਣਾ ਰਵੱਈਆ ਨਿਰਧਾਰਿਤ ਕਰਨਾ ਹੋਵੇਗਾ। ਲੋੜ ਇਸ ਗਲ ਦੀ ਹੈ ਕਿ ਸਿਧਾਂਤਕ ਪੱਖਾਂ ਨੂੰ ਪਹਿਲ ਦੇ ਕੇ ਜਜ਼ਬਾਤ ਨੂੰ ਕਾਬੂ ਵਿੱਚ ਰਖਕੇ, ਦਲੀਲ ਦੇ ਪੱਧਰ ਤੇ ਮਸਲੇ ਨੂੰ ਸੁਲਝਾਇਆ ਜਾਵੇ ਤੇ ਵਾਦ-ਵਿਵਾਦ ਨੂੰ ਸ਼ਾਂਤ ਮਾਹੌਲ ਵਿਚ ਨਜਿਠਿਆ ਜਾਵੇ।

B-0773

Digitized by Panjab Digital Library | www.panjabdigilib.org